

Dr. A. Kumar

# ਕਾਸ਼ ! ਮੈਂ ਵੀ ਮਨਿਸਟਰ ਹੁੰਦਾ !
## ਡਾ. ਏ. ਕੁਮਾਰ

ਕਾਸ਼! ਮੈਂ ਵੀ ਮਨੀਸਟਰ ਹੁੰਦਾ। ਇੰਗਲੈਂਡ ਜਾਂ ਭਾਰਤ, ਕਿਤੋਂ ਦਾ ਵੀ! ਪਰ ਭਾਰਤ ਵਰਗੀਆਂ ਮੌਜਾਂ ਕਿੱਥੇ? ਮੇਰੇ ਵੀ ਬਿਹਾਰ-ਸ਼ਿਹਾਰ 'ਚ ਕਿਤੇ ਅੱਠ-ਦਸ ਨਿਆਣੇ ਹੁੰਦੇ।ਸਾਰੇ ਮਿਲ ਕੇ ਗਊਆਂ-ਮੱਝਾਂ ਦਾ ਹਜਾਰਾਂ ਕਰੋੜ ਦਾ ਚਾਰਾ ਖਾਂਦੇ। ਜੇ ਮੈਂ ਮੰਤਰੀ ਨਾ ਵੀ ਰਹਿੰਦਾ ਤਾਂ ਘਰਵਾਲੀ ਨੂੰ ਹੀ ਚੀਫ਼ ਮਨੀਸਟਰ ਬਣਵਾ ਦਿੰਦਾ। ਰਸੋਈ ਚਲਾਉਣ ਜਾਂ ਸਰਕਾਰ ਚਲਾਉਣ ਵਿੱਚ ਕਿਹੜਾ ਕੋਈ ਜ਼ਿਆਦ ਫ਼ਰਕ ਹੈ? ਰਸੋਈ 'ਚ ਵੀ ਡੰਡੇ-ਸੋਟੇ ਚਲਾਉਣੇ ਹੁੰਦੇ ਹਣ ਤੇ ਵਿਧਾਨ-ਸਭਾ 'ਚ ਵੀ।

ਕਾਸ਼, ਜੇ ਕਰ ਕਿਤੇ ਮੈਂ ਸਿਰਫ਼ ਇੱਕ ਵੇਰਾਂ ਹੀ ਮੰਤਰੀ ਬਣ ਜਾਂਦਾ ਤਾਂ ਬੱਸ, ਪੁੱਛੋ ਹੀ ਨਾ। ਮੇਰੇ ਮੁੰਡੇ ਕੁੜੀਆਂ ਵੀ ਮੰਤਰੀ ਹੁੰਦੇ। ਸਰਕਾਰੀ ਗੱਡੀਆਂ, ਸਰਕਾਰੀ ਬੰਗਲੇ, ਫ਼ਰੀ ਹਵਾਈ ਸਫ਼ਰ, ਟੈਰਰਿਸਟਾਂ ਨਾਲੋਂ ਵੀ ਖੂੰਖਾਰ 25- 30 ਬਾਡੀ ਗਾਰਡ ਹੁੰਦੇ ਅੱਗੇ ਪਿੱਛੇ। ਸਾਰੀ ਪੁਲੀਸ ਮੇਰੀ ਪਰਸਨਲ ਨੌਕਰ ਹੁੰਦੀ।ਸਭ ਤੋਂ ਵਧੀਆ ਗੱਲ ਪਤੈ ਕੀ ਹੁੰਦੀ? ਮੇਰਾ ਢਿੱਡ ਪੁਲੀਸ ਦੇ ਸਾਰੇ ਢਿੱਡਾ ਤੋਂ ਵੱਡ੍ਹ ਹੁੰਦਾ। ਫ਼ੌਰਨ-ਕੰਟਰੀਆਂ ਦੇ ਟੂਰ ਲੱਗਦੇ। ਹਾਂ ਸਚ, ਨਾਲ ਪੰਜ-ਸੱਤ ਮੁੰਡਿਆਂ ਨੂੰ ਆਪਣਾ ਸੈਕਟਰੀ ਵਗੈਰਾ ਬਣਾ ਕੇ ਵੀਜ਼ੇ ਲਵਾ ਦਿੰਦਾ ਤੇ ਦਸ-ਦਸ ਲਖ ਹਰ ਬੰਦੇ ਤੋਂ ਵੱਖ ਮੁੰਨਦਾ।ਭਲਾ ਪੰਜਾਬ ਦੀਆਂ ਸਰਕਾਰਾਂ ਤੋਂ ਵੱਧ ਇਸ ਸੱਚ ਨੂੰ ਕੌਣ ਜਾਣਦਾ ਹੈ?

ਬਗਲੇ ਭਗਤ ਦੀ ਤਰਾਂ ਚਿੱਟੇ ਦੁੱਧ ਕਪੜੇ ਪਾ ਕੇ ਆਪਣੇ ਕਾਲੇ ਦਿਲ ਨੂੰ ਢਕ ਲੈਂਦਾ। ਕਈ ਇੰਟਰਨੈਸ਼ਨਲ ਫ਼ਾਈਵ ਸਟਾਰ ਹੋਟਲਾਂ 'ਚ ਡਾਇਰੈਕਟਰ ਹੁੰਦਾ, ਕਈ ਕਾਰਪੋਰੇਸ਼ਨਾਂ ਦਾ ਚੇਯਰਮੈਨ ਤੇ ਕਈ ਕਈ ਠੇਕੇ ਆਪਣੇ ਹੁੰਦੇ, ਸ਼ਰਾਬ ਦੀਆਂ ਨਦੀਆਂ ਵਹਿੰਦੀਆਂ, ਗੁੰਡਿਆਂ ਤੋਂ ਹਫ਼ਤਾ ਵੱਖ ਮਿਲਦਾ। ਨੌਕਰੀਆਂ ਲਗਵਾਉਣ ਦੇ ਪੈਸੇ ਵੱਖ।ਸਾਰੇ ਐਨ.ਆਰ.ਆਈਆਂ ਦੀਆਂ ਜ਼ਮੀਨਾਂ ਖਾ ਜਾਂਦਾ ਤੇ ਉਹਨਾਂ ਦੀਆਂ ਕੋਠੀਆਂ ਤੇ ਕਬਜ਼ੇ ਵੱਖ ਕਰਦਾ। ਸਾਰੇ ਟੈਂਡਰਾਂ ਤੇ ਠੇਕਿਆਂ 'ਚੋਂ ਦਲਾਲੀ ਲੈਂਦਾ, ਬੇਨਾਮੀ ਜਮੀਨਾਂ-ਜਾਇਦਾਦਾਂ ਬਣਾਉਂਦਾ ਤੇ ਸਾਰੇ ਧਾਰਮਿਕ ਅਸਥਾਨਾਂ ਦਾ ਟਰਸਟੀ ਬਣ ਕੇ ਰੱਬ ਦੇ ਗੁਣ ਗਾਉਂਦਾ ਤੇ ਸਵੀਟਜ਼ਰਲੈਂਡ ਦੇ ਬੈਂਕਾਂ 'ਚ ਕਰੋੜਾਂ ਡਾਲਰ ਮੇਰੀਆਂ ਅਗਲੀਆਂ 16 ਪੀੜ੍ਹੀਆਂ ਦੀ ਸੇਵਾ ਕਰਦੇ।

ਮਨਿਸਟਰ ਬਣਦਿਆਂ ਹੀ ਆਪਣੀ ਮਰਜ਼ੀ ਦੇ ਚਾਪਲੂਸ ਅਫ਼ਸਰਾ ਨੂੰ ਤਰੱਕੀਆਂ ਦਿੰਦਾ ਤੇ ਪਹਿਲੀ ਸਰਕਾਰ ਦੇ ਵਕਤ ਦੇ ਸਾਰੇ ਅਫ਼ਸਰਾਂ ਨੂੰ ਲਾਇਨ-ਹਾਜਰ ਕਰਵਾ ਦਿੰਦਾ।ਭੁੱਖੇ ਮਰਦੇ ਕਿਸਾਨਾਂ ਨੂੰ ਸਮਝਾਂਉਦਾ ਕਿ ਡੋਡਿਆਂ ਦੀ ਖੇਤੀ ਕਰਣ ਤਾਂ ਜੋ ਪਹਿਲਾਂ ਤੋਂ ਹੀ ਮਰੇ ਹੋਏ ਗੱਭਰੂਆਂ ਨੂੰ ਨਸ਼ੇ ਵੇਚ-ਵੇਚ ਕੇ ਕਿਸਾਨ ਵੀ ਦੇਸ਼ ਦੀ ਤੱਰਕੀ 'ਚ ਯੋਗਦਾਨ ਪਾ ਸਕਦੇ। ਡੋਡਿਆਂ ਦੀ ਖੇਤੀ ਕਰਣ ਵਾਲੇ ਕਿਸਾਨਾਂ ਨੂੰ ਬਿਜਲੀ ਤੇ ਡੀਜ਼ਲ ਫ਼ਰੀ ਕਰ ਦਿੰਦਾ ਤੇ ਫ਼ਸਲ ਦਾ ਅੱਧ ਮੈਂ ਲੈ ਲੈਂਦਾ।

ਜੇ ਕਿਤੇ ਮੈਂ ਸੈਂਟਰ 'ਚ ਮੰਤਰੀ ਬਣ ਸਕਦਾ ਤਾਂ ਦੇਸ ਦੀ ਰੱਖਿਆ ਲਈ ਭੁੱਖੇ ਰੂਸ ਤੋਂ 40 ਸਾਲ ਪੁਰਾਣੇ ਸੰਮੁਦਰੀ ਬੇੜੇ ਤੇ ਨਵਾਂ ਰੰਗ-ਰੋਗਨ ਕਰਵਾ ਕੇ, ਦੋ ਅਰਬ ਡਾਲਰ ਦਾ ਖ਼ਰੀਦ ਲੈਂਦਾ ਤੇ ਦਲਾਲੀ? ਨਾਂ ਹੀ ਪੁੱਛੋ

ਕਿਉਂਕਿ ਤੁਹਾਡੇ ਕੈਲਕੁਲੇਟਰ 'ਚ ਇਤਨੀ ਵੱਡੀ ਰਕਮ ਦਾ ਵੇਰਵਾ ਆ ਹੀ ਨਹੀਂ ਸਕਦਾ। ਰੂਸ ਤੋਂ ਹੀ ਸਨ 1917 ਦੀਆਂ ਬਣੀਆਂ ਬੰਦੂਕਾਂ ਖਰੀਦ-ਖਰੀਦ ਕੇ ਆਪਣੇ ਫੌਜੀਆਂ ਨੂੰ ਦਿੰਦਾ ਤੇ ਉਹਨਾਂ ਵਿਚਾਰਿਆਂ ਨੂੰ ਹੁਕਮ ਦਿੰਦਾ ਕਿ ਜਾਉ – ਜਾਕੇ ਦਹਿਸ਼ਤ-ਗਰਦਾਂ ਦੀਆਂ ਲੇਟੈਸਟ ਏ.ਕੇ.47 ਦਾ ਮੁਕਾਬਲਾ ਕਰੋ। ਕਾਰਗਿਲ 'ਚ ਸ਼ਹੀਦ ਹੋਏ ਫੌਜੀਆਂ ਦੇ ਕਫ਼ਨਾਂ 'ਚੋਂ ਵੀ ਪੈਸਾ ਖਾਂਦਾ ਤੇ ਜਨਤਾ ਦੀ ਸੇਵਾ ਕਰਦਾ।

ਰੱਬਾ ਮੈਨੂੰ ਮੰਤਰੀ ਬਣਵਾ ਦੇ । ਹੋਰ ਤਾਂ ਸਾਰੀਆਂ ਨੌਕਰੀਆਂ ਵਿੱਚ ਰਿਟਾਇਰਮੈਂਟ ਦੀ ਉਮਰ ਹੁੰਦੀ ਹੈ ਪਰ ਵਾਹ ਵਾਹ – ਮੰਤਰੀ ਤਾਂ ਕਦੇ ਰਿਟਾਇਰ ਵੀ ਨਹੀਂ ਹੁੰਦੇ – ਨਾ ਹੀ ਬੁੱਢੇ ਹੁੰਦੇ। ਬੁੱਢਾ ਹੋ ਵੀ ਜਾਂਦਾ ਤਾਂ ਕੀ ਸੀ – ਗੋਡੇ ਨਵੇਂ ਪਵਾ ਲੈਂਦਾ ਜਾਂ ਫਿਰ ਮਦਰਾਸ ਦੇ ਇੱਕ ਮੰਤਰੀ ਦੀ ਤਰਾਂ, ਕੀ ਨਾਂ ਸੀ ਉਸ ਦਾ ਉਹ ਕਾਲੇ ਚਸ਼ਮੇ ਤੇ ਖੱਟੇ ਰੰਗ ਦੀ ਸ਼ਾਲ ਵਾਲਾ, ਚੇਤੇ ਨਹੀਂ ਆ ਰਿਹਾ, ਉਸ ਦੀ ਤਰਾਂ ਵ੍ਹੀਲ-ਚੇਅਰ ਤੇ ਬੈਠ ਕੇ ਹੀ ਵਿਧਾਨ ਸਭਾ 'ਚ ਜਾਂਦਾ ਤੇ ਭਾਸ਼ਨ ਕਰਦਾ। ਜੇ ਕਿਤੇ ਮੈਨੂੰ ਲਕਵਾ ਮਾਰ ਜਾਂਦਾ, ਮੂੰਹ ਟੇਢਾ ਹੋ ਜਾਂਦਾ, ਬੋਲਿਆ ਨਾਂ ਜਾਂਦਾ, ਮੇਰੀ ਕਹੀ ਗੱਲ ਕਿਸੇ ਦੇ ਪੱਲੇ ਨਾਂ ਪੈਂਦੀ, ਉਹ ਹੈ ਨਾ ਇੱਕ ਮਹਾਰਸ਼ਟਰ 'ਚ ਵੀ ਇਹੋ ਜਿਹਾ ਮੰਤਰੀ – ਤਾਂ ਵੀ ਮੈਂ ਕਦੇ ਰਿਟਾਇਰ ਨਾਂ ਹੁੰਦਾ ਤੇ ਦੇਸ਼ ਦੀ ਸੇਵਾ ਕਰਦਾ ਹੀ ਰਹਿੰਦਾ। ਇੰਨ੍ਹਾਂ ਹੀ ਨਹੀਂ ਭਾਰਤੀ ਕ੍ਰਿਕੇਟ ਨੂੰ ਵੀ ਬਹੁਤ ਅਗਾਂਹ ਵਧਾਉਂਦਾ ਤੇ ਦੁਨੀਆਂ ਦੇ ਸਭ ਤੋਂ ਵੱਡ੍ਹੇ ਤੇ ਸਭ ਤੋਂ ਅਮੀਰ ਭਾਰਤੀ ਕ੍ਰਿਕੇਟ ਕੰਟਰੋਲ ਬੋਰਡ ਦਾ ਚੇਯਰਮੈਨ ਬਣ ਜਾਂਦਾ ਤੇ ਬਸ, ਮੇਰੀਆਂ ਆਉਣ ਵਾਲੀਆਂ ਪੁਸ਼ਤਾਂ ਦੇ ਵਾਰੇ-ਨਿਆਰੇ ਜੋ ਜਾਂਦੇ।ਹੁਣ ਤਾਂ ਚਲੋ ਵਿਚਾਰੇ ਚਲਾਣਾ ਕਰ ਗਏ ਨੇ ਵਰਨਾ ਭੋਪਾਲ ਦੇ 80 ਸਾਲਾ ਮੰਤਰੀ ਨੂੰ ਕੋਣ ਨਹੀਂ ਜਾਣਦਾ ਜਿਹੜੇ ਦਿੱਲੀ ਵਾਕਰ ਲੈ ਕੇ ਆਇਆ ਕਰਦੇ ਸੀ ਕਿਉਂਕਿ ਗੋਡੇ ਤਾਂ ਉਹਨਾਂ ਦੇ ਅਰਬਾਂ ਦੇ ਸਕੈਮ ਤੇ ਭੋਪਾਲ ਗੈਸ ਕਾਂਡ 'ਚ ਮਰੇ ਪਰੀਵਾਰਾਂ ਨੂੰ ਦਿੱਤੇ ਪੈਸਿਆਂ ਨਾਲ ਹੀ ਤਾਂ ਘਸੇ ਸੀ।

ਹੁਣ ਮੈਨੂੰ ਪਲੀਜ਼ ਇਹ ਤਾਂ ਕਹਿਣਾ ਨਾ ਕਿ ਮੈਂ ਕੁਝ ਜ਼ਿਆਦਾ ਹੀ ਲਾਲਚੀ ਹਾਂ। ਆਪਣੇ ਆਪਣੇ ਦਿਲ ਤੇ ਹੱਥ ਰੱਖ ਕੇ ਸੱਚੀ ਦੱਸੋ ਕਿ ਤੁਸੀਂ ਯਾਨਿ ਕਿ ਜਨਤਾ ਲਾਲਚੀ ਨਹੀਂ ਹੈ? ਬਿਨਾਂ ਲਾਇਸੈਂਸ ਤੇ ਗੱਡੀ ਚਲਾਉਂਦੇ ਹੋ ਤੇ ਫਿਰ 500 ਦੇ ਚਲਾਣ ਤੋਂ ਬਚਣ ਲਈ 50 ਰੁਪੈ ਦੀ ਰਿਸ਼ਵਤ ਤੁਸੀਂ ਹੀ ਦਿੰਦੇ ਹ ਨਾ? ਆਪਣੇ 13 ਵਰ੍ਹਿਆਂ ਦੇ ਨਿਆਣੇ ਦੇ ਹੱਥ ਆਪਣੀ ਮਰੁਤੀ ਕਾਰ ਦੀ ਚਾਬੀ ਫੜਾ ਕੇ ਕਿਸੇ ਸੁੱਤੇ ਪਏ ਗਰੀਬ ਨੂੰ ਟਾਇਰਾਂ ਥੱਲੇ ਦਵਾ ਦਿੰਦੇ ਹੋ ਤੇ ਫਿਰ ਐਸ. ਐਚ. ਔ. ਨੂੰ ਵੱਢੀਆਂ ਦਿੰਦੇ ਹੋ, ਕੀ ਇਹ ਸਹੀ ਕਰਦੇ ਹੋ? ਵਲੈਤ ਆਉਣ ਲਈ ਨਾ ਪੜ੍ਹਦੇ ਹੋ ਨਾ ਲਿਖਦੇ ਹ, ਪਿਉ ਦੇ ਗਲ ਅਗੂੰਠਾ ਧਰ ਕੇ ਖੇਤ ਤੱਕ ਗਹਿਣੇ ਰਖਵਾ ਕੇ ਐਜਂਟਾ ਨੂੰ ਲੱਖਾਂ ਰੁਪਏ ਤੁਸੀਂ ਹੀ ਚੜ੍ਹਾਂਦੇ ਹੋ ਕੀ ਇਹ ਲਾਲਚ ਨਹੀਂ? ਕੀ ਤੁਸੀਂ ਇਹ ਸਮਝਦੇ ਹੋ ਕਿ ਇਹ ਐਜੈਂਟ ਬਰਤਾਨੀਆ ਦੇ ਹਾਈ ਕਮੀਸ਼ਨਰ ਹਣ ਜੋ ਠ੍ਹਾ ਕਰਦਾ ਵੀਜ਼ਾ ਲਾ ਦੇਣਗੇ? ਕਬੱਡੀ ਦੀਆਂ ਝੂਠੀਆਂ ਟੀਮਾਂ ਬਣਾ ਬਣਾ ਕੇ ਕਨੇਡਾ ਨੂੰ ਘੱਲਦੇ ਹੋ ਕੀ ਇਹ ਸਹੀ ਹੈ? ਆਪਣੇ ਹੀ ਭਰਾਵਾਂ ਨੂੰ ਵਲੈਤ ਦੇ ਖੇਤਾਂ 'ਚ 7 ਪੌਂਡ ਘੰਟੇ ਤੇ ਕੰਮ ਦਿਵਾਕੇ ਉਹਨਾਂ ਨੂੰ 3 ਪੌਂਡ ਘੰਟਾ ਦਿੰਦੇ ਹੋ ਤੇ ਉਹਨਾਂ ਗਰੀਬਾਂ ਦੇ ਲਹੁ-ਪਸੀਨੇ ਦੀ ਗਾੜ੍ਹੀ ਕਮਾਈ ਡਕਾਰ ਜਾਂਦੇ ਹੋ ਕੀ ਇਹੋ ਦਸਾਂ ਨੌਹਾਂ ਦੀ ਕਿਰਤ ਹੈ ਤੇ ਸਾਡੇ ਪਿਆਰੇ ਗੁਰੂਆਂ ਦਾ ਸੰਦੇਸ਼ ਹੈ? ਜਨਤਾ ਤਾਂ ਰੱਬ ਨੂੰ ਵੀ ਨਹੀਂ ਬਖ਼ਸ਼ਦੀ। ਧਾਰਮਿਕ ਅਸਥਾਨਾਂ ਤੋਂ ਰਾਹਦਾਰੀਆਂ ਲੈ ਲੈ ਕੇ ਵਲੈਤ ਆਂਦੇ ਹੋ ਤੇ ਫਿਰ ਪਿੱਛੇ ਬੈਠੀ ਘਰਵਾਲੀ ਤੇ ਨਿਆਣਿਆਂ ਨੂੰ ਭੁੱਲ ਕੇ ਇੱਥੇ ਆਨੰਦ-ਕਾਰਜ ਕਰਵਾਣਾ ਬੜੀ ਸ਼ਾਨ ਦਾ ਸੱਚਾ ਤੇ ਸੁੱਚਾ ਕੰਮ ਕਰਦੇ ਹੋ, ਕਮਾਲ ਹੈ ਤੇ ਫਿਰ ਜੇ ਮੈਂ ਮੰਤਰੀ ਬਣ ਕੇ ਕੁਝ ਡਕਾਰ ਜਾਂਵਾਂ ਤਾਂ ਪਿੱਟਣਾ ਕਾਹਦਾ? ਜਨਤਾ ਨੂੰ ਅਜੇ ਤੀਕ ਇੱਕ ਲਾਇਣ 'ਚ ਤਾਂ ਖਲੋਣਾ ਆਇਆ ਨਹੀਂ। ਮਾਂ-ਭੈਣ ਦੀ ਗਾਲ ਸਾਡੀ ਸ਼ਾਨ ਕੇ ਸਾਡੇ ਸਭਿਆਚਾਰ ਦਾ ਤਰੀਕਾ ਬਣ ਚੁੱਕੀ ਹੈ। ਦਾਰੂ, ਢੋਲ, ਭੰਗੜਾ ਤੇ ਲਚਰ ਗੀਤ ਸਾਡਾ ਵਿਰਸਾ ਹੋ ਕੇ ਰਹਿ ਗਏ ਹਣ। ਗੁਰ-ਪੂਰਬ ਤੇ ਸਜ-ਧਜ ਕੇ ਛੁੱਟੀ ਮਣਾ ਲੈਣਾ ਹੀ ਸਾਡਾ ਧਰਮ ਰਹਿ ਗਿਆ ਹੈ ਤੇ ਸਾਡੇ ਗੁਰੂਆਂ ਦੀ ਸਿੱਖਿਆ ਸਾਡੇ ਕੋਲ ਦੀ ਵੀ ਨਹੀਂ ਲੰਘਦੀ। ਭਗਤ ਸਿੰਘ ਦੀ ਸ਼ਹਾਦਤ ਇੱਕ ਭੁੱਲੀ ਹੋਈ ਕਹਾਣੀ ਬਣ ਕੇ ਕਿਤੇ ਮਯੂਜ਼ਿਮਾਂ 'ਚ ਪਈ ਹੈ ਤੇ ਅਸੀਂ ਆਪਣੇ ਹੀ ਭੈਣਾ-ਭਰਾਵਾਂ ਤੇ ਜਮੀਨ ਜਾਇਦਾਦਾਂ ਲਈ ਮੁਕੱਦਮੇ ਬਾਜੀਆਂ 'ਚ ਲੱਗੇ ਪਏ ਹਾਂ' ?

ਜੇ ਕਰ ਤੁਸੀਂ ਇਹ ਸਬ ਕਰ ਸਕਦੇ ਹੋ ਤਾਂ ਮੈਂ ਪਰਮਾਤਮਾ ਨੂੰ ਅਰਦਾਸ ਕਿਉਂ ਨਾ ਕਰਾਂ ਕਿ ਮੈਨੂੰ ਮੰਤਰੀ ਬਣਾ ਤੇ ਮੈਂ ਵੀ ਮੌਜਾਂ ਕਰਾਂ? ਜੇ ਮੈਂ ਦਾਰੂ ਵੰਡ ਵੰਡ ਕੇ ਵੋਟਾਂ ਲੈਂਦਾ ਹਾਂ ਤਾਂ ਜਨਤਾ ਵੀ ਤਾਂ ਦਾਰੂ ਤੇ ਪੈਸਾ ਲੈਂਦੀ ਹੈ – ਨਾ ਲਵੇ, ਨਾ ਬਣਾਵੇ ਮੈਨੂੰ ਮੰਤਰੀ ਤੇ ਲਭ ਲਏ ਸ਼ਰੀਫ਼ ਨੇਤਾ। ਪਰ ਸ਼ਰੀਫ਼ਾਂ ਨੂੰ ਤਾਂ ਜਨਤਾ ਵੀ ਵੋਟ ਦੇ ਕੇ ਰਾਜੀ ਨਹੀਂ। ਸੁਣ ਲਉ – ਜੇ ਕਿਤੇ ਕੋਈ ਸ਼ਰੀਫ਼ ਆਦਮੀ ਚੀਫ਼ ਮਨੀਸਟਰ ਬਣ ਗਿਆ ਤਾਂ ਕੀ ਹੋਵੇਗਾ –

ਤੁਸੀਂ ਸੜਕਾਂ ਤੇ ਪਿਸ਼ਾਬ ਨਹੀਂ ਕਰ ਸਕੋਗੇ, ਜਗ੍ਹਾ-ਜਗ੍ਹਾ ਥੁੱਕ ਨਹੀਂ ਸਕੋਗੇ, ਭੁੱਕੀ ਮਿਲਣੀ ਬੰਦ ਹੋ ਜਾਵੇਗੀ, ਦੇਸੀ ਸ਼ਰਾਬ ਦੀਆਂ ਭੱਠੀਆਂ ਚਲਾਉਣ ਵਾਲਿਆਂ ਨੂੰ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ, ਕੀ ਤੁਹਾਨੂੰ ਇਹ ਚੰਗਾ ਲੱਗੇਗਾ? ਹਰ ਬੱਚੇ ਨੂੰ ਸਕੂਲ ਜਾਣਾ ਪਵੇਗਾ, ਪਰਾਈਵੇਟ ਤੇ ਸਰਕਾਰੀ ਸਕੂਲਾਂ 'ਚ ਫ਼ਰਕ ਖ਼ਤਮ ਕਰ ਦਿੱਤਾ ਜਾਏਗਾ, ਝੂਠੀਆਂ ਤੇ ਫ਼ਰਜੀ ਬਲੱਡ ਟੈਸਟ ਕਰਨ ਵਾਲੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਜਾਣਗੀਆਂ, ਨਕਲੀ ਦਵਾਈਆਂ ਬਣਾਉਣ ਵਾਲਿਆਂ ਨੂੰ ਫਾਂਸੀ ਤੇ ਲਮਕਾ ਦਿੱਤਾ ਜਾਏਗਾ, ਇੱਕ ਦੂਜੇ ਨੂੰ ਮਾਂ ਤੇ ਭੈਣ ਦੀ ਗਾਲ ਕੱਢ ਕੇ ਬੁਲਾਉਣ ਦੀ ਥਾਂ ਸਤ ਸ੍ਰੀ ਅਕਾਲ ਕਹਿਣਾ ਸਿਖਾਇਆ ਜਾਵੇਗਾ, ਲਚਰ ਤੇ ਘਟੀਆ ਗਾਣੇ ਲਿਖਣ ਤੇ ਗਾਉਣ ਵਾਲੀਆਂ ਦੀ ਰੇਲ ਬਣਾ ਦਿੱਤੀ ਜਾਵੇਗੀ, ਵਿਆਹ-ਸ਼ਾਦੀ ਦੇ ਨਾਮ ਤੇ ਸੜਕਾਂ ਤੇ ਨੱਚਣ-ਟੱਪਣ ਤੇ ਮਨਾਹੀ ਹੋ ਜਾਵੇਗੀ, ਦਹੇਜ ਲੈਣ-ਦੇਣ ਵਾਲਿਆਂ ਨੂੰ ਤੇ ਕੁੜੀਆਂ ਨੂੰ ਜੰਮਣੋਂ ਰੋਕਣ ਵਾਲੀਆਂ ਨੂੰ ਇੱਕ ਲਾਇਨ 'ਚ ਖੜਾ ਕਰ ਕੇ ਥ੍ਰੀ-ਨਾਟ-ਥ੍ਰੀ ਦੀ ਗੋਲੀ ਆਰ ਪਾਰ ਕਰ ਦਿੱਤੀ ਜਾਏਗੀ, ਕੀ ਤੁਸੀਂ ਐਸੇ ਵਿਅਕਤੀ ਨੂੰ ਵੋਟ ਦਿਉਗੇ ? ਮੈਂ ਜਾਣਦਾ ਹਾਂ, ਕਦੀ ਵੀ ਨਹੀਂ। ਜੇਕਰ ਜਨਤਾ ਨੂੰ ਚੰਗੇ ਨੇਤਾ ਤੇ ਐਮ.ਪੀ. ਦੀ ਲੋੜ ਹੁੰਦੀ ਤਾਂ ਕੀ ਅੱਜ ਪਾਰਲੀਮੈਂਟ 'ਚ ਬਲਾਤਕਾਰੀ ਤੇ ਡਾਕੂ ਨਾ ਬੈਠੇ ਹੁੰਦੇ। ਜੈਲ਼ਲੀਤਾ, ਮਾਇਆਵਤੀ, ਕਲਮਾਡੀ, ਲਾਂਲੂ ਪਰਸਾਦ, ਤੇ ਸਵਰਗੀ ਅੰਤੁਲੇ, ਤੇ ਸੁਖਰਾਮ, ਵਰਗੇ ਨਾਵਾਂ ਦੀ ਲਿਸਟ ਛੋਟੀ ਨਹੀਂ। ਕਿਤੇ ਨਵਾਂ ਚੀਫ਼ ਮਨੀਸਟਰ ਪਹਿਲੇ ਚੀਫ਼ ਮਨੀਸਟਰ ਤੇ 2200 ਕਰੋੜ ਦੀ ਹੇਰਾਫੇਰੀ ਦੀ ਗੱਲ ਕਰਦਾ ਹੈ ਤੇ ਕਿਤੇ ਕੋਈ ਦੂਜੀ ਵਾਰ ਬਣਿਆਂ ਚੀਫ਼ ਮਨੀਸਟਰ 3500 ਕਰੋੜ ਡਕਾਰੀ ਬੈਠਾ ਹੈ ਫਿਰ ਵੀ ਜਨਤਾ ਦੀ ਅਕਲ ਨੂੰ ਤਾਲੇ ਪਏ ਹਣ?

ਚਲੋ ਛੱਡੋ, ਜੇ ਭਾਰਤ ਨਹੀਂ ਤਾਂ ਇੰਗਲੈਂਡ 'ਚ ਹੀ ਮੰਤਰੀ ਹੁੰਦਾ ਮੈਂ । ਜੇ ਕਰ ਮੈਂ ਹਾਉਸ-ਆਫ਼-ਲਾਰਡਜ਼ ਦਾ ਮੈਂਬਰ ਹੁੰਦਾ ਤਾਂ ਕਈ ਕਈ ਲੱਖ ਪੌਂਡ ਲੈਕੇ ਇੰਡਸਟਰੀ ਦੀਆਂ ਪਾਲੀਸੀਆਂ ਬਦਲਵਾ ਲੈਂਦਾ। ਜੇ ਮੈਂ ਹਾਉਸ-ਆਫ਼-ਲਾਰਡਜ਼ ਦਾ ਮੈਂਬਰ ਨਾ ਹੁੰਦਾ ਤਾਂ 4 ਲੱਖ ਪੌਂਡ ਦੇ ਕੇ ਬਣ ਜਾਂਦਾ, ਇੱਥੇ ਤਾਂ ਇਹੋ ਚਲਦਾ ਹੈ। ਜੇ ਮੈਂ ਹੁੰਦਾ ਐਮ. ਪੀ. ਹਾਉਸ-ਆਫ਼-ਕਾਮਨਜ਼ ਦਾ, ਫਿਰ ਤਾਂ ਵਾਹ ਵਾਹ ਕੀ ਗੱਲ ਸੀ। ਮੈਂ ਆਪਣੇ ਘਰ ਤੇ ਮੌਰਗੇਜ ਖ਼ਤਮ ਹੋ ਜਾਣ ਤੋਂ ਬਾਅਦ ਵੀ ਸਰਕਾਰੀ ਖਾਤੇ 'ਚ ਮੌਰਗੇਜ ਖਾਈ ਜਾਂਦਾ।ਆਪਣੇ ਰਿਸ਼ਤੇਦਾਰਾਂ ਨੂੰ ਸਰਕਾਰੀ ਖਰਚੇ ਤੇ ਦੁਨੀਆਂ ਦੀ ਸੈਰ ਕਰਵਾਉਂਦਾ । ਵੈਸਟਮਿੰਸਟਰ ਦੇ ਨੇੜੇ ਦੇ ਚੱਕਰ 'ਚ ਕਈ ਕਈ ਘਰ ਬਣਾ ਲੈਂਦਾ ।ਕਾਰਾਂ, ਪੈਟ੍ਰੋਲ, ਜਹਾਜੀ ਸਫ਼ਰ, ਰੇਡੀਉ, ਟੀ.ਵੀ, ਬਿਜਲੀ, ਪਾਣੀ, ਪ੍ਰਾਈਵੇਟ ਹੈਲਥ ਸਰਵਿਸ ਤੇ ਹੋਰ ਪਤਾ ਨਹੀਂ ਕੀ ਕੀ ਮੁਫ਼ਤ ਦੇ ਹੁੰਦੇ। ਬੀੜੀ - ਸਿਗਰੇਟ ਸ਼ਰਾਬ ਤਾਂ ਹੈ ਹੀ ਸੀ, ਬਲੂ-ਫ਼ਿਲਮਾਂ ਵੀ ਸਰਕਾਰੀ ਖਰਚੇ ਤੇ ਵੇਖਦਾ। ਸਾਊਦੀ ਅਰਬ ਨਾਲ ਫ਼ਾਈਟਰ ਪਲੇਨਾਂ ਦੀ ਡੀਲ 'ਚ 29 ਮਿਲੀਯਨ ਪੌਂਡ ਡਕਾਰ ਕੇ ਆਰਾਮ ਨਾਲ ਬੈਠ ਜਾਂਦਾ। ਹੋਮ-ਆਫ਼ਿਸ 'ਚੋਂ ਲੱਖਾ ਪਾਸਪੋਰਟਾਂ ਦੀ - (ਇਕ ਵਾਰ ਫਿਰ ਲਿਖ ਦੇਵਾਂ) - ਲੱਖਾਂ ਪਾਸਪੋਰਟਾਂ ਦੀ ਚੋਰੀ ਕਰਵਾ ਕੇ ਵੇਚ ਦਿੰਦਾ। ਤੇ ਸਭ ਤੋਂ ਵੱਡ੍ਹੀ ਗੱਲ ਇਹ - ਕਿ ਭਾਰਤ 'ਚ ਤਾਂ ਫਿਰ ਟੀ.ਵੀ. ਤੇ ਅਖ਼ਬਾਰਾਂ ਵਾਲੇ ਗੱਲ ਚੇਤੇ ਰੱਖਦੇ ਹਨ ਇੰਗਲੈਂਡ 'ਚ ਤਾਂ ਇਹ ਵੀ ਡਰ ਨਹੀਂ ਕਿਊਂ ਕਿ ਇੱਥੇ ਤਾਂ ਪਾਲੀਸੀ ਹੀ ਇੱਕ ਹੈ - ਹਾਈਡ 'ਦ ਕੰਟਰੀਜ਼ ਕਰ'ਪਸ਼ਨ ਯਾਣਿ ਕਿ ਮੁਲਕ ਦੀ ਕਰੱਪਸ਼ਨ ਨੂੰ ਲੁਕੋ ਕੇ ਰੱਖੋ। ਵਰਨਾ ਦੱਸੋ ਜਰਾ - ਐਮ. ਪੀਆਂ ਦੇ ਖਰਚਿਆਂ ਦਾ ਕੀ ਹੋਇਆ, 29 ਮਿਲੀਯਨ ਕਿਸ ਦੇ ਖਾਤੇ 'ਚ ਗਏ, 270 ਬੰਦਿਆਂ ਦੇ ਕਾਤਲ ਨੂੰ ਕਿਉਂ ਛੱਡ ਦਿੱਤਾ ਗਿਆ, ਸਾਰੀ ਦੁਨੀਆਂ ਦੀ ਬਲੈਕ ਮਨੀ ਦੇ ਮਾਲਿਕ ਗੱਦਾਫ਼ੀ, ਹੋਸਨੀ ਮੁਬਾਰਕ ਤੇ ਮੁਸ਼ੱਰਫ਼ ਵਰਗਿਆਂ ਦੇ ਅਰਬਾਂ ਡਾਲਰ ਕਿਉਂ ਇੰਗਲੈਂਡ ਦੇ ਬੈਂਕਾ 'ਚ ਪਏ ਨੇ। 6 ਲੱਖ ਤੋਂ ਵੱਧ ਪਾਸਪੋਰਟ ਕਿੱਥੇ ਗਏ। ਕਰੋੜਾਂ ਪੌਂਡਾਂ ਦੀਆਂ ਗਰਾਂਟਾ ਕਿਨ੍ਹਾਂ ਨੂੰ ਤੇ ਕਿਵੇਂ ਮਿਲਦੀਆਂ ਹਣ, ਕੁਝ ਪਤਾ ਹੀ ਨਹੀਂ।ਹੋਰ ਤਾਂ ਹੋਰ, ਇਹ ਬ੍ਰਿਟਿਸ਼ ਗੈਸ ਜਿਹੜੀ ਹਰ ਸਾਲ ਕਈ ਕਈ ਅਰਬ ਪੌਂਡ ਦਾ ਮੁਨਾਫ਼ਾ ਖੱਟਦੀ ਹੈ, ਇਸ ਨੇ ਵੀ ਜਨਤਾ ਦੇ ਕਰੋੜਾਂ ਪੌਂਡ ਡਕਾਰੇ ਹੋਏ ਹਣ। ਸਾਰੀਆਂ ਕੰਪਨੀਆਂ ਤੇ ਸਾਰੇ ਦਫ਼ਤਰ 0845 ਜਾਂ 0871 ਵਾਲੇ ਫੋਨ ਨੰਬਰਾਂ ਤੋਂ ਹੀ ਜਨਤਾ ਦੀਆਂ ਜੇਬਾਂ ਖਾਲੀ ਕਰੀ ਜਾ ਰਹੇ ਹਣ। ਇੱਥੋਂ ਤੱਕ ਕਿ ਭਾਰਤ ਦੀ ਬੋਫ਼ੋਰਜ਼ ਦਲਾਲੀ ਦੇ ਪੈਸੇ ਵੀ ਕਟਰੋਚੀ ਨੇ ਮੈਡਮ ਸੋਨੀਆ ਦੀ ਮਰਜ਼ੀ ਨਾਲ ਇੰਗਲੈਂਡ 'ਚ ਹੀ ਰੱਖੇ ਸਨ ਤੇ ਦੁਨੀਆਂ ਉਹਨਾਂ ਨੂੰ ਸਵੀਟਜ਼ਰਲੈਂਡ 'ਚ ਲੱਭਦੀ ਰਹੀ।

ਇੰਗਲੈਂਡ 'ਚ ਤਾਂ ਮੰਤਰੀ ਬਣਣ ਦੀ ਵੀ ਲੋੜ ਨਹੀਂ। ਬਸ ਕੋਈ ਗਰਾਂਟ ਦਾ ਚੱਕਰ ਚਲਾ ਲਉ ਜਾਂ ਕੋਈ ਚੈਰਟੀ ਖੋਲ ਲਉ। ਬਸ, ਫਿਰ ਅਖਬਾਰ 'ਚ ਫੋਟੂਆਂ ਵੀ ਤੇ ਪੈਸੇ ਹੀ ਪੈਸੇ।ਜਾਂ ਫਿਰ ਕੋਈ ਧਾਰਮਿਕ ਸਥਾਨ ਬਣਾ ਲਉ ਤੇ ਜਨਤਾ ਤੋਂ ਵੀ ਖਾਉ ਤੇ ਗਰਾਂਟਾਂ ਵੀ।

ਪਿਆਰੀ ਜਨਤਾ ਜੀਉ। ਮੇਰੇ ‘ਚ ਦੇਸ਼ ਭਗਤੀ ਤਾਂ ਕੁੱਟ-ਕੁੱਟ ਕੇ ਭਰੀ ਹੈ।ਕੁਰਸੀ ਮੇਰੀ ਦੇਸ਼ ਭਗਤੀ ਦਾ ਸਬੂਤ ਬਣ ਕੇ ਮੇਰੇ ਨਾਲ ਸਦਾ ਰਹੇ। ਮੈਂ ਜਿੰਦਗੀ ਭਰ ਕੁਰਸੀ ਨੂੰ ਚਿੰਬੜਿਆ ਰਹਾਂ । ਵੈਸੇ ਤਾਂ ਮੰਤਰੀ ਵਗੈਰਾ ਕਦੇ ਮਰਦੇ ਨਹੀਂ ਪਰ ਜੇ ਮਰਾਂ ਤਾਂ ......... ਕੁਰਸੀ ਤੇ ਹੀ ਮਰਾਂ। ਬੱਸ ਇਹੋ ਮੇਰੀ ਅਰਦਾਸ ਹੈ। ਮੈਂਨੂੰ ਬਸ ਰੱਬਾ, ਸਿਰਫ਼ ਇੱਕ ਵੇਰ ਮਨੀਸਟਰ ਬਣਾ ਦੇ!

---

**Dr. A. Kumar**
**Vice President**
**Yorks College (Canada UK USA India)**
**www.yorkscollege.com**
**Email: info@yorkscollege.com**